॥ ਅਕਾਲ਼ ਸਹਾਇ ॥

ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ

੧੩ ਮਾਘ ਨਾਨਕਸ਼ਾਹੀ ੫੫੭

26, ਜਨਵਰੀ 2026

ਸਾਂਝੇ ਫ਼ੈਸਲੇ, ਸਵੈ-ਨਿਰਣੇ ਅਤੇ ਪ੍ਰਭੁਸੱਤਾ ਲਈ ਬਚਨ

ਹੁਣਿਹੁਕਮੁਹੋਆਮਿਹਰਵਾਣਦਾ॥

ਪੈਕੋਇਨਕਿਸੈਰਞਾਣਦਾ॥

ਸਭਸੁਖਾਲੀਵੁਠੀਆਇਹੁਹੋਆਹਲੇਮੀਰਾਜੁਜੀਉ॥

ਗੁਰੂ ਗ੍ਰੰਥ ਸਾਹਿਬ ਜੀ, ਅੰਗ ੭੪

ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਪੰਥ ਦੀ ਪਵਿੱਤਰ ਤੇ ਰਵਾਇਤੀ ਸ਼ਾਨ ਵਿੱਚ ਨਵੀਂ ਰੂਹ ਫੂਕਣ ਲਈ, ਸਿੱਖਾਂ ਦੀ ਨਿਆਰੀ ਤੇ ਵਿਲੱਖਣ ਹੋਂਦ-ਹਸਤੀ ਤੇ ਪਛਾਣ ਦੀ ਰਾਖੀ ਲਈ, ਖਾਲਸਾ ਪੰਥ ਦੇ ਸਵੈ-ਸਿਧ ਪਾਤਿਸ਼ਾਹੀ ਦਾਅਵੇ ਦੀ ਪ੍ਰੋੜਤਾ ਕਰਦਿਆਂ ਅਤੇ ਦੁਨੀਆ ਭਰ ਦੀਆਂ ਪੰਥਕ ਜਥੇਬੰਦੀਆਂ ਨਾਲ ਮਿਲ ਕੇ ਐਸਾ ਮਾਹੌਲ ਬਣਾਉਣ ਲਈ ਜਿਸ ਵਿੱਚ ਪੰਥਕ ਆਸ਼ੇ, ਅਸੂਲਾਂ, ਉਦੇਸ਼ਾਂ ਤੇ ਉਮੰਗਾਂ ਦਾ ਆਦਰ ਹੋਵੇ ਅਤੇ ਉਹਨਾਂ ਨੂੰ ਵਧਣ-ਫੂਲਣ ਦਾ ਮੌਕਾ ਮਿਲੇ—ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਨਮੁਖ ਇਹ ਸਭਾ, ਚਾਰ ਅਜ਼ਾਦੀ-ਪੱਖੀ ਸਿੱਖ ਜਥੇਬੰਦੀਆਂ—ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਪੰਚ ਪਰਧਾਨੀ ਜਥਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਜਥਾ—ਦੇ ਸੱਦੇ 'ਤੇ, ਚਾਲੀਵੇਂ ਸਰਬੱਤ ਖ਼ਾਲਸਾ ਯਾਦਗਾਰੀ ਦਿਹਾੜਾ ਮਨਾਉਣ ਲਈ ਇਕੱਠੇ ਹੋ ਕੇ, ਸਾਂਝੇ ਫ਼ੈਸਲੇ, ਸਵੈ-ਨਿਰਣੇ ਅਤੇ ਪ੍ਰਭੁਸੱਤਾ ਲਈ ਯਤਨ ਕਰਨ ਦਾ ਸਮੁੱਚੇ ਖਾਲਸਾ ਪੰਥ ਅਤੇ ਗੁਰ-ਸੰਗਤਿ ਦੇ ਨਾਲ ਬਚਨ ਕਰਦੀ ਹੈ।

੪੦ ਸਾਲ ਪਹਿਲਾਂ ਹੋਏ ਸਰਬੱਤ ਖ਼ਾਲਸੇ ਦੀ ਯਾਦ ਵਿੱਚ—ਜੋ ਗੁਰੂ ਖ਼ਾਲਸਾ ਪੰਥ ਦੀ ਸਾਂਝੀ ਵਿਚਾਰ-ਵਟਾਂਦਰੇ ਦੀ ਰਵਾਇਤੀ ਪਰੰਪਰਾ 'ਤੇ ਪਰਖੀ ਹੋਈ ਸੰਸਥਾ ਹੈ—ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ, ਇਹ ਸਭਾ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਰੌਸ਼ਨੀ ਵਿਚ ਗੁਰਮਤਿ ਪਰੰਪਰਾ ਦੇ ਰਾਹ ਚਲਦੇ ਹੋਏ, ਅਸੂਲਨ ਤੇ ਖਾਲਸਾਈ ਜ਼ਾਬਤੇ ਵਾਲੇ ਸੰਘਰਸ਼ ਤੇ ਕੌਮਾਂਤਰੀ ਪੱਧਰ ਦੀ ਮੁਹਿੰਮ ਨਾਲ ਆਪਣੀ ਵਚਨਬੱਧਤਾ ਦਹੁਰਾਉਂਦਾ ਹੈ।

ਇਹ ਪੰਥਕ ਸਭਾ:

ਸਰਬੱਤ ਖ਼ਾਲਸਾ ਅਤੇ ਗੁਰਮਤੇ ਨੂੰ ਗੁਰੂ ਖ਼ਾਲਸਾ ਪੰਥ ਦੀ ਸਾਂਝੇ ਫ਼ੈਸਲੇ/ਨਿਰਣੇ, ਰਹਿਨੁਮਾਈ ਅਤੇ ਜਵਾਬਦੇਹੀ ਲਈ ਪ੍ਰਮੁੱਖ ਅਤੇ ਸਦੀਵੀ ਸੰਸਥਾ ਮੰਨਦੀ ਹੈ;

੨੯ ਅਪਰੈਲ ੧੯੮੬ ਦੇ ਐਲਾਨ ਤੋਂ ਸਿੱਖਿਆ ਤੇ ਸੇਧ ਲੈਂਦਿਆਂ, ਜਿਸ ਨੇ ਇੰਡੀਅਨ ਸਟੇਟ ਵੱਲੋਂ ਕੀਤੇ ਜ਼ਬਰ ਦੇ ਜਵਾਬ ਵਜੋਂ ਗੁਰਮਤਿ-ਅਧਾਰਿਤ ਰਾਹ ਦਾ ਐਲਾਨ ਕੀਤਾ ਸੀ—ਜਿਸ ਦੀ ਦ੍ਰਿਸ਼ਟੀ 'ਪੰਥ ਕੀ ਜੀਤ' ਤੇ 'ਸਰਬੱਤ ਦਾ ਭਲਾ', ਸਮਾਜਕ ਸਮਾਨਤਾ, ਧਾਰਮਿਕ ਆਜ਼ਾਦੀ ਦੀ ਰੱਖਿਆ, ਸਵੈ-ਨਿਰਣੇ ਅਤੇ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਤਹਿਤ ਪੰਥਕ ਏਕਤਾ ਦੇ ਨਾਲ ਸਾਂਝੇ ਫੈਸਲਿਆਂ ਤਕ ਲੈ ਜਾਂਦੀ ਹੈ;

ਗੁਰੂ ਖ਼ਾਲਸਾ ਪੰਥ ਦੇ ਨਿਆਰੇ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਿਕ ਸਰੂਪ ਨੂੰ ਮੰਨਦੀ ਹੈ; ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ 'ਤੀਸਰ ਪੰਥ' ਥਾਪਣ ਦੇ ਸੱਦੇ ਨੂੰ; ਹਰ ਸਵੇਰ ਤੇ ਸ਼ਾਮ ਨਿਜੀ ਤੇ ਸੰਗ਼ਤੀ ਅਰਦਾਸ ਵਿੱਚ ਉਚਾਰਨ ਹੋਣ ਵਾਲੇ 'ਰਾਜ ਕਰੇਗਾ ਖ਼ਾਲਸਾ' ਦੇ ਦੋਹਰੇ ਨੂੰ; ਬੇਗਮਪੁਰਾ-ਹਲੇਮੀ ਰਾਜ ਦੀ ਨਿਆਈ ਸਮਾਜ ਤੇ ਰਾਜ ਦੇ ਆਦਰਸ਼ ਨੂੰ; ਅਤੇ ਬਾਣੀ-ਬਾਣੇ ਦੀ ਰਹਿਤ ਦੇ ਅਸੂਲ ਨੂੰ ਦ੍ਰਿੜ੍ਹ ਕਰਦੀ ਹੈ;

ਪੂਰੇ ਵਿਸ਼ਵਾਸ ਤੇ ਵਚਨਬੱਧਤਾ ਨਾਲ ਬਿਆਨ ਕਰਦੀ ਹੈ ਕਿ ਸਿੱਖ ਸੰਘਰਸ਼—ਖ਼ਾਸ ਕਰਕੇ ੧੯੭੮/੧੯੮੪ ਤੋਂ ਬਾਅਦ—ਸ਼ਬਦ ਗੁਰੂ ਦੇ ਮੁੱਢਲੇ ਸਿੱਖ ਅਸੂਲ ਦੀ ਰੱਖਿਆ ਦਾ ਵਿਲੱਖਣ ਸੰਗਰਾਮ ਹੈ; ਅਤੇ ਸ਼ਬਦ ਗੁਰੂ ਦੇ ਦੋਖੀ, ਦੇਹਧਾਰੀ ਡੰਮ ਦੇ ਵਿਰੁਧ ਹਰ ਮੁਹਾਜ਼ ਤੇ ਸੰਗਰਾਮ ਦਾ ਅਹਿਦ ਕਰਦੀ ਹੈ;

ਇਸ ਗੱਲ ਤੋਂ ਸਚੇਤ ਹੈ ਕਿ ਖੇਤਰੀ ਤੇ ਕੌਮਾਂਤਰੀ ਪੱਧਰ 'ਤੇ ਸਿੱਖਾਂ ਉੱਤੇ ਲਗਾਤਾਰ ਦਬਾਅ ਵਧ ਰਹੇ ਹਨ ਜਿਸ ਤਹਿਤ ਕਾਨੂੰਨੀ, ਪ੍ਰਸ਼ਾਸਕੀ, ਸਮਾਜਕ, ਸਭਿਆਚਾਰਕ, ਆਰਥਿਕ ਅਤੇ ਜ਼ਬਰ ਦੇ ਹੋਰ ਢੰਗ ਤਰੀਕੇ ਜਿਵੇਂ; ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਗੈਰ-ਨਿਆਇਕ ਕਤਲ, ਗ਼ੈਰਕਾਨੂੰਨੀ ਕੈਦ, ਵਿਦੇਸ਼ਾਂ ਵਿਚ ਜ਼ਬਰ (ਟ੍ਰਾਂਸਨੈਸ਼ਨਲ ਰਿਪਰੈਸ਼ਨ), ਸਾਡੇ ਸਮਾਜਕ ਅਤੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਦਖ਼ਲ, ਸੱਭਿਆਚਾਰ ਨੂੰ ਕਮਜ਼ੋਰ ਕਰਨਾ ਅਤੇ ਪੰਜਾਬ ਵਿੱਚ ਵਸੋਂ-ਤਬਦੀਲੀ ਦੀ ਵਿਉਂਤ ਨਾਲ ਨਾਂਹਪੱਖੀ ਤਬਦੀਲੀ ਰਾਹੀਂ ਥੋਪਿਆ ਜਾ ਰਿਹਾ ਸੱਭਿਆਚਾਰਕ ਵਿਗਾੜ —ਇਹ ਸਭ ਸਾਡੀ ਨਿਆਰੀ ਤੇ ਵਿਲੱਖਣ ਪਛਾਣ ਨੂੰ ਛੁਟਿਆਉਣ, ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਸਾਂਝੇ ਫ਼ੈਸਲਿਆਂ ਦੇ ਰਸਤੇ ਨੂੰ ਰੋਕਣ ਲਈ ਹਨ;

ਇਸ ਗੱਲ ਨੂੰ ਸਮਝਦੀ ਹੈ ਕਿ ਪੰਥਕ ਅਕੀਦਿਆਂ ਅਤੇ ਸਿੱਖਾਂ ਦੀ ਕੇਂਦਰੀ ਧਰਤੀ ਪੰਜਾਬ ਪ੍ਰਤੀ ਇੰਡੀਅਨ ਸਟੇਟ ਦੀ ਬਸਤੀਵਾਦੀ ਨੀਤੀ ਅਤੇ ਸੋਚ ਹੈ। ਇਸ ਲਈ ਇੰਡੀਅਨ ਸਟੇਟ ਪੰਥ-ਪੰਜਾਬ ਦੇ ਮਸਲੇ ਨੂੰ ਰਾਜਨੀਤਿਕ ਮਸਲਾ ਮੰਨਣ ਦੀ ਥਾਂ "ਕਾਨੂੰਨ-ਵਿਵਸਥਾ" ਦਾ ਅੰਦਰੂਨੀ ਮਾਮਲਾ ਮੰਨਦਾ ਹੈ। ਇੰਡੀਅਨ ਸਟੇਟ ਸਿੱਖ ਧਾਰਮਿਕ ਸੰਸਥਾਵਾਂ ਤੇ ਜਥੇਬੰਦੀਆਂ ਵਿੱਚ ਸਿੱਧੀ ਦਖਲਅੰਦਾਜ਼ੀ ਕਰਕੇ ਸਿੱਧਾ ਗਲਬਾ ਪਾਉਣ ਦਾ ਯਤਨ ਕਰਦਾ ਹੈ, ਅਤੇ ਸਾਡੀ ਜ਼ਮੀਨ, ਪਾਣੀ ਤੇ ਹੋਰ ਸਰੋਤਾਂ ਨੂੰ ਹੜਪ ਕੇ ਅੱਜ ਵੀ ਲੁੱਟਦਾ ਜਾ ਰਿਹਾ ਹੈ;

ਇਸ ਗੱਲ ਵੱਲ ਖਾਸ ਧਿਆਨ ਦਿੰਦੀ ਹੈ ਕਿ ਵਿਸ਼ਵ ਮਾਹੌਲ ਵਿੱਚ ਅਸੂਲਾਂ ਦੀ ਥਾਂ ਤਾਕਤ ਦੀ ਪ੍ਰਧਾਨਤਾ ਵਧ ਰਹੀ ਹੈ; "ਨਿਯਮ-ਅਧਾਰਿਤ ਵਿਸ਼ਵ ਵਿਵਸਥਾ", ਮਨੁੱਖੀ ਅਧਿਕਾਰ ਅਤੇ ਮੂਲ ਆਜ਼ਾਦੀਆਂ—ਜਿਨ੍ਹਾਂ ਨੂੰ ਆਮ ਤੌਰ 'ਤੇ ਸੁਰੱਖਿਅਤ ਮੰਨਿਆ ਜਾਂਦਾ ਹੈ—ਕਈ ਖੇਤਰਾਂ ਵਿੱਚ ਦਬਾਅ ਹੇਠ ਹਨ; ਅਤੇ ਨਵੇਂ ਵਿਸ਼ਵ ਨਿਜ਼ਾਮ ਦੇ ਉਭਾਰ ਵਿੱਚ, ਸਿੱਖ ਤੇ ਪੰਜਾਬ ਹੁਣ ਭਾਰਤ, ਪਾਕਿਸਤਾਨ ਅਤੇ ਚੀਨ ਤਿੰਨ ਪਰਮਾਣੂ ਤਾਕਤਾਂ ਦੇ ਵਿਚਕਾਰ ਫਸੇ ਹੋਏ ਹਨ;

ਦੁਹਰਾਉਂਦੀ ਹੈ ਕਿ ਸਵੈ-ਨਿਰਣੇ ਦਾ ਅਸੂਲ—ਜੋ ਇਤਿਹਾਸਕ ਤੌਰ 'ਤੇ ਖਾਲਸਾ ਜੀ ਦੇ ਰਾਜਨੀਤਕ ਵਿਧਾਨ ਵਿਚ ਗੁਰੂ ਪਾਤਿਸ਼ਾਹ ਦੇ ਹੁਕਮਾਂ ਤਹਿਤ "ਸੁਤੰਤਰ ਵਿਚਰਣ" ਦੀ ਨਿਆਰੀ ਰੀਤ ਦੇ ਰੂਪ ਵਿਚ ਪਰਗਟ ਹੋਇਆ ਹੈ ਅਤੇ ਖਾਲਸਾ ਜੀ ਦੇ ਅਕਾਲੀ ਪਾਤਸ਼ਾਹੀ ਦਾਅਵੇ ਦੇ ਰੂਪ ਵਿੱਚ ਮੌਜੂਦ ਹੈ—ਅਤੇ ਜੋ ਸੰਯੁਕਤ ਰਾਸ਼ਟਰ ਦੇ ਵਿਧਾਨ (ਚਾਰਟਰ) ਅਤੇ ਕੌਮਾਂਤਰੀ ਮਿਆਰਾਂ ਵਿੱਚ ਵੀ ਮੰਨਿਆ ਗਿਆ ਹੈ—ਆਪਣਾ ਸਾਂਝਾ ਭਵਿੱਖ ਸੁਰੱਖਿਅਤ ਕਰਨ, ਨਿਆਰੇ ਰਾਜਨੀਤਿਕ ਢਾਂਚੇ ਅਤੇ ਮੰਜ਼ਿਲ ਹਾਸਲ ਕਰਨ ਲਈ ਲੋਕਾਂ ਦਾ ਬੁਨਿਆਦੀ ਨੈਤਿਕ ਤੇ ਰਾਜਨੀਤਿਕ ਹੱਕ ਹੈ, ਜੋ ਅਮਨ ਪਸੰਦ ਤਰੀਕੇ ਨਾਲ, ਇਕੱਠੇ ਹੋ ਕੇ, ਸੰਗਠਿਤ ਅਤੇ ਜਾਇਜ਼ ਉਪਰਾਲਿਆਂ ਨਾਲ ਅਪਣਾਇਆ ਜਾ ਸਕਦਾ ਹੈ;

ਇਹ ਗੱਲ ਸਾਂਝੀ ਕਰਦੀ ਹੈ ਕਿ ਗੁਰੂ ਖ਼ਾਲਸਾ ਪੰਥ ਨੇ ਭਾਰਤੀ ਯੂਨੀਅਨ ਦੀ ਸੰਵਿਧਾਨਕ ਵਿਵਸਥਾ ਨੂੰ ੧੯੫੦ ਵਿੱਚ ਹੀ ਅਸਵੀਕਾਰ ਕਰ ਦਿੱਤਾ ਸੀ, ਜਦੋਂ ਸਿੱਖ ਨੁਮਾਇੰਦਿਆਂ ਨੇ ਭਾਰਤੀ ਸੰਵਿਧਾਨ ਦੇ ਮਸੌਦੇ 'ਤੇ ਸਹਿਮਤੀ ਨਹੀਂ ਦਿੱਤੀ ਅਤੇ ਹਸਤਾਖਰ ਨਹੀਂ ਕੀਤੇ; ਅਤੇ ਉਸ ਤੋਂ ਬਾਅਦ ਚੱਲ ਰਿਹਾ ਸਿੱਖ ਧਾਰਮਿਕ-ਰਾਜਨੀਤਿਕ ਸੰਘਰਸ਼ ਭਾਰਤ ਨੂੰ ਇਹ ਵੰਗਾਰ ਭਰਦਾ ਆਇਆ ਹੈ ਕਿ ਸਿੱਖਾਂ ਦੀ ਨਿਆਰੀ ਸਾਂਝੀ ਪਹਿਚਾਣ ਅਤੇ ਸੱਭਿਆਚਾਰਕ ਵਿਲੱਖਣਤਾ ਕਾਇਮ ਰਹੇਗੀ;

ਤੀਜੇ ਘੱਲੂਘਾਰੇ ਜੂਨ ੧੯੮੪ ਤੇ ਸਿੱਖ ਨਸਲਕੁਸ਼ੀ ੧੯੮੪ ਤੋਂ ਬਾਅਦ ਲੜੀ ਗਈ ਖਾੜਕੂ ਲਹਿਰ ਨੂੰ ਸਿੱਖ ਇਤਿਹਾਸ ਦਾ ਇੱਕ ਹੋਰ ਸੁਨਿਹਰਾ ਦੌਰ ਤਸਲੀਮ ਕਰਦੀ ਹੈ, ਅਤੇ ਉਹਨਾਂ ਸਮੂਹ ਬੀਬੀਆਂ, ਭਾਈਆਂ ਨੂੰ ਨਿਮਰਤਾ ਸਹਿਤ ਸਤਿਕਾਰ ਦਿੰਦੀ ਹੈ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਹੋਰ ਸਭ ਹੀਲੇ ਵਸੀਲੇ ਨਾਕਾਮ ਹੋ ਜਾਣ ਉੱਤੇ ਸ਼ਸਤਰ ਦੀ ਵਰਤੋਂ ਕੀਤੀ ਅਤੇ ਇਸ ਲਹਿਰ ਵਿਚ ਇੰਡੀਅਨ ਸਟੇਟ ਦੇ ਜ਼ਬਰੀ ਤੰਤਰ (ਫੌਜ, ਅਰਧ-ਸੈਨਾ, ਪੁਲਿਸ, ਮੁਖ਼ਬਰ, ਏਜੰਟ ਅਤੇ ਬਿਊਰੋਕ੍ਰੇਸੀ) ਦੇ ਖ਼ਿਲਾਫ਼ ਸ਼ਸਤਰਧਾਰੀ ਹੋ ਕੇ ਸੰਗਰਾਮ ਕੀਤਾ;

ਇੰਡੀਅਨ ਸਟੇਟ ਖਿਲਾਫ ਲੜੀ ਜਾ ਰਹੀ ਸ਼ਾਂਤੀਮਈ ਜਨਤਕ ਤੇ ਗੁਰੀਲਾ ਜੰਗ ਵਿੱਚ ਅਜ਼ਰ ਨੂੰ ਜਰਨ ਵਾਲਿਆਂ, ਅਕਿਹ ਤਸੀਹੇ ਝੱਲਦਿਆਂ ਵੀ ਡਟੇ ਰਹਿ ਕੇ ਯੋਗਦਾਨ ਪਾਉਣ ਵਾਲੀਆਂ ਬੀਬੀਆਂ, ਭਾਈਆਂ, ਬਜ਼ੁਰਗਾਂ, ਬੱਚਿਆਂ ਤੇ ਪਰਿਵਾਰਾਂ ਦੀ ਕੁਰਬਾਨੀ, ਅਡੋਲਤਾ ਤੇ ਸਿਦਕ ਦਾ ਸਤਿਕਾਰ ਕਰਦੀ ਹੈ;

ਖ਼ਾਲਿਸਤਾਨ ਦੇ ਰੂਪ ਵਿੱਚ ਇੱਕ ਆਜ਼ਾਦ ਮੁਲਕ ਲਈ ਰਾਜਨੀਤਿਕ, ਕੂਟਨੀਤਿਕ, ਸ਼ਾਂਤਮਈ ਵਿਰੋਧ, ਸ਼ਹਾਦਤ, ਕੈਦ, ਜਲਾਵਤਨੀ, ਵਕਾਲਤ, ਮਨੁੱਖੀ ਅਧਿਕਾਰਾਂ ਦੀ ਰਾਖੀ, ਦਸਤਾਵੇਜ਼ੀਕਰਨ ਅਤੇ ਕਾਨੂੰਨੀ ਤਰੀਕੇ ਨਾਲ ਜਵਾਬਦੇਹੀ ਦੀ ਮੰਗ ਰਾਹੀਂ ਯੋਗਦਾਨ ਕਰਨ ਵਾਲੀਆਂ ਦਾ ਵੀ ਸਤਿਕਾਰ ਕਰਦੀ ਹੈ;

ਅੱਜ ਦੇ ਸਮੇਂ ਵਿੱਚ ਇਸ ਲੋੜ ਨੂੰ ਮੰਨਦੀ ਹੈ ਕਿ ਪੰਥ-ਪ੍ਰਵਾਨਿਤ ਪੰਚ ਪ੍ਰਧਾਨੀ ਸਾਂਝੀ ਅਗਵਾਈ, ਪਾਰਦਰਸ਼ੀ ਪ੍ਰਕਿਰਿਆਵਾਂ ਵਾਲੇ ਸਾਂਝੇ ਢਾਂਚੇ ਬਣਨ ਤਾਂ ਜੋ ਰਣਨੀਤੀ ਨੂੰ ਦਿਸ਼ਾ ਮਿਲੇ, ਵਖਰੇਵੇਂ ਖਤਮ ਹੋਣ ਤੇ ਆਪਸੀ ਏਕਤਾ ਇਤਫਾਕ ਕਾਇਮ ਹੋਵੇ, ਅਤੇ ਭੂਗੋਲਿਕ ਤੇ ਜਥੇਬੰਦਕ ਵੱਖਰੇਵਿਆਂ ਦੇ ਬਾਵਜੂਦ ਪੰਥਕ ਏਕਤਾ ਬਣੀ ਰਹੇ;

ਫ਼ੈਸਲਾ ਕਰਦੀ ਹੈ ਕਿ ਖਾਲਸਾ ਜੀ ਦੇ ਪਾਤਿਸ਼ਾਹੀ ਦਾਅਵੇ ਅਨੁਸਾਰ ਦੇਸ-ਕਾਲ ਘੜਨ ਦੀ ਗੱਲ ਸੁਹਿਰਦ ਸੰਸਥਾਵਾਂ, ਕੌਮਾਂਤਰੀ ਪੱਧਰ ਦੇ ਦਸਤਾਵੇਜ਼ੀਕਰਨ ਅਤੇ ਦੁਨੀਆ ਭਰ ਦੇ ਪੰਥਕ ਹਿੱਸੇਦਾਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਰਾਹੀਂ ਅੱਗੇ ਵਧਾਈ ਜਾਵੇ;

ਇਹ ਸਰਬੱਤ ਖ਼ਾਲਸਾ ਯਾਦਗਾਰੀ ਦਿਹਾੜੇ ਦੀ ਸਭਾ ਇਹ ਫ਼ੈਸਲੇ ਕਰਦੀ ਹੈ ਕਿ:

੧) ਮੌਜੂਦਾ ਯੁੱਗ ਲਈ ਸਰਬੱਤ ਖ਼ਾਲਸਾ ਅਤੇ ਗੁਰਮਤਾ ਦਾ ਵਿਧੀਵਤ ਢਾਂਚਾ ਤਿਆਰ ਕੀਤਾ ਜਾਵੇ

ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਇਹ ਪੰਥਕ ਸਭਾ ਸੰਸਾਰ ਭਰ ਦੇ ਪੰਥ ਪ੍ਰਸਤ ਜਥਿਆਂ ਤੇ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਕਰ ਕੇ ਖ਼ਾਲਸਾ ਪੰਥ ਦੇ ਸਾਹਮਣੇ “ਸਰਬੱਤ ਖਾਲਸਾ” ਅਤੇ “ਗੁਰਮਤਾ” ਸੰਸਥਾਵਾਂ ਦੇ ਵਿਧੀ-ਵਿਧਾਨ ਦਾ ਮਸੌਦਾ-ਖਾਕਾ ਰੱਖੇਗੀ ਤਾਂ ਕਿ ਖਾਲਸਾ ਪੰਥ ਵਿਚ ਇਸ ਗੱਲ ਉੱਤੇ ਸਾਂਝੀ ਸਹਿਮਤੀ ਬਣਾਈ ਜਾ ਸਕੇ ਕਿ ਅੱਜ ਦੇ ਸਮੇਂ ਵਿੱਚ ਸਰਬੱਤ ਖ਼ਾਲਸਾ ਕਿਵੇਂ ਬੁਲਾਇਆ ਅਤੇ ਚਲਾਇਆ ਜਾਵੇ— ਜਿਸ ਤਹਿਤ ਖਾਲਸਾਈ ਰਿਵਾਇਤਾ ਤੇ ਅਸੂਲਾਂ ਮੁਤਾਬਕ ਭਾਗੀਦਾਰੀ ਤੇ ਨੁਮਾਇੰਦਗੀ ਪੈਮਾਨੇ, ਵਿਚਾਰ-ਵਟਾਂਦਰਾ, ਫ਼ੈਸਲਾ-ਕਰਨ ਦੀ ਪ੍ਰਕਿਰਿਆ, ਸੰਸਥਾਗਤ ਸੁਰੱਖਿਆ ਪ੍ਰਬੰਧ, ਪਾਰਦਰਸ਼ਤਾ ਦੇ ਮਿਆਰ, ਅਤੇ ਗੁਰਮਤੇ ਨੂੰ ਲਾਗੂ ਕਰਨ ਅਤੇ ਉਸ ਦੀ ਸਮੀਖਿਆ ਕਰਨ ਦੇ ਸਤਿਕਾਰਤ ਢੰਗ ਮਿੱਥੇ ਜਾਣਗੇ।

੨) ੨੯ ਅਪਰੈਲ ਦੇ ਖਾਲਿਸਤਾਨ ਐਲਾਨਨਾਮੇ ਦੀ ੪੦ਵੀਂ ਵਰ੍ਹੇਗੰਢ ਮੌਕੇ ਨਵਾਂ ਨੀਤੀ-ਦਸਤਾਵੇਜ਼ ਸਿੱਖ ਜਗਤ ਦੇ ਸਨਮੁਖ ਰੱਖਿਆ ਜਾਵੇਗਾ

੨੯ ਅਪਰੈਲ 1986 ਨੂੰ ਸਾਡੇ ਖ਼ਾਲਿਸਤਾਨੀ ਭਰਾਵਾਂ ਨੇ ਸਾਡੀ ਆਜ਼ਾਦੀ ਲਈ ਸਿੱਧੀ ਜਦੋਜਹਿਦ ਦਾ ਐਲਾਨ ਕੀਤਾ ਸੀ ਜੋ ਸਿੱਖ ਸੰਘਰਸ਼ ਵਿੱਚ ਇੱਕ ਮੀਲ-ਪੱਥਰ ਸਾਬਤ ਹੋਇਆ। ਅਸੀਂ ਇਸ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ 29 ਅਪਰੈਲ 2026 ਨੂੰ ਪੰਥਕ ਪੱਧਰ ਉੱਤੇ ਮਨਾਵਾਂਗੇ ਅਤੇ ਇਸ ਤੋਂ ਬਾਅਦ ਹਰ ਸਾਲ ੨੯ ਅਪਰੈਲ ਨੂੰ ਇਸੇ ਤਰ੍ਹਾਂ ਯਾਦਗਾਰੀ ਤੌਰ ’ਤੇ ਮਨਾਇਆ ਜਾਵੇਗਾ, ਤਾਂ ਜੋ ਪੰਜਾਬ ਦੇ ਲੋਕਾਂ ਅਤੇ ਦੁਨੀਆ ਨੂੰ ਸਿੱਧਾ ਤੇ ਸਾਫ਼ ਸੁਨੇਹਾ ਜਾਵੇ ਕਿ ਅਸੀਂ ਆਪਣਾ ਰਾਜ ਮੁੜ ਪ੍ਰਾਪਤ ਕਰਨ ਦੀ ਤਾਂਘ ਰੱਖਦੇ ਹਾਂ ਤੇ ਇਸ ਲਈ ਯਤਨਸ਼ੀਲ ਹਾਂ—ਅਤੇ ਖਾਲਿਸਤਾਨ ਦੀ

ਕਾਇਮੀ ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਾਲਸਾ ਰਾਜ, ਮਿਸਲ ਕਾਲ ਦੇ ਦਲ ਖ਼ਾਲਸਾ ਦੇ ਰਾਜ ਪ੍ਰਬੰਧ, ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਾਲੀ ਸਰਕਾਰ-ਏ-ਖ਼ਾਲਸਾ ਦੀ ਲੜੀ ਦਾ ਹੀ ਹਿੱਸਾ ਹੋਵੇਗਾ।

ਇਸ ਤਹਿਤ ਖਾਲਿਸਤਾਨ ਐਲਾਨਨਾਮੇ ਦੀ ੪੦ਵੀਂ ਵਰ੍ਹੇਗੰਢ ਮੌਕੇ ਬੀਤੇ ੪੦ ਸਾਲਾਂ ਦੇ ਸੰਘਰਸ਼ ਦੇ ਤਜ਼ਰਬੇ, ਅਜੋਕੇ ਪੰਥਕ ਅਤੇ ਕੌਮਾਂਤਰੀ ਹਾਲਾਤਾਂ ਨੂੰ ਧਿਆਨ ਵਿਚ ਰੱਖਦਿਆਂ ਖਾਲਿਸਤਾਨ ਦੇ ਹਾਮੀ ਸਿੱਖ ਜਥਿਆਂ, ਜਥੇਬੰਦੀਆਂ, ਸੰਸਥਾਵਾਂ ਆਦਿ ਨਾਲ ਤਾਲਮੇਲ ਕਰਕੇ ਖਾਲਿਸਤਾਨ ਦੇ ਸੰਘਰਸ਼ ਦੀ ਭਵਿੱਖਤ ਰਣਨੀਤੀ ਬਾਰੇ "ਇਕ ਸਾਂਝਾ ਨੀਤੀ ਦਸਤਾਵੇਜ" ਤਿਆਰ ਕਰਕੇ ਸਿੱਖ ਜਗਤ ਦੇ ਸਨਮੁਖ ਪੇਸ਼ ਕੀਤਾ ਜਾਵੇਗਾ।

ਸਰਬੱਤ ਖ਼ਾਲਸਾ ਯਾਦਗਾਰੀ ਦਿਵਸ ਦੀ ਸਭਾ ਇਹ ਪ੍ਰਣ ਕਰਦੀ ਹੈ ਕਿ:

ੳ. ਪੰਜਾਬ ਲਈ ਪ੍ਰਭੁਸੱਤਾ ਸੰਪੰਨ ਸੁਤੰਤਰ ਰਾਜ ਨਾਲ ਵਚਨਬੱਧਤਾ
ਇਹ ਸਭਾ ਪੰਜਾਬ ਦੀ ਇਕ ਪ੍ਰਭੁਸੱਤਾ ਸੰਪੰਨ ਰਾਜ ਦੀ ਸਿਆਸੀ ਮੰਜ਼ਿਲ ਲਈ ਆਪਣੀ ਵਚਨਬੱਧਤਾ ਦੁਹਰਾਉਂਦੀ ਹੈ, ਜਿਸ ਨੂੰ ਮੌਜੂਦਾ ਸਮੇਂ ਵਿੱਚ ਖ਼ਾਲਿਸਤਾਨ ਕਿਹਾ ਜਾਂਦਾ ਹੈ—ਇੱਕ ਐਸਾ ਰਾਜ-ਢਾਂਚਾ ਜੋ ਰਾਜ ਦੇ ਸਿੱਖ ਸੰਕਲਪ ਭਾਵ ਗੁਰਮਤਿ ਦੇ ਆਸ਼ੇ-ਅਸੂਲਾਂ ਉਤੇ ਅਧਾਰਿਤ ਹੋਵੇ; ਇਨਸਾਫ਼, ਸਵੈਮਾਣ, ਅੰਤਰਆਤਮਾ ਦੀ ਆਜ਼ਾਦੀ ਦੇਵੇ ਅਤੇ ਸਭਨਾ ਦਾ ਭਲਾ ਕਰੇ—ਅਤੇ ਜੋ ਅਸੂਲ ਅਧਾਰਤ ਰਾਜ ਪ੍ਰਬੰਧ ਦੇ ਸਿੱਖ ਆਦਰਸ਼ ਨਾਲ ਮੇਲ ਖਾਂਦਾ ਹੋਵੇ;

ਅ. ਨੌਜਵਾਨਾਂ ਦੇ ਹੱਥ ਵਾਗਡੋਰ ਸੌਂਪਣਾ
ਇਹ ਸਭਾ ਪੰਥਕ ਜਜਬੇ ਅਤੇ ਸਮਰਪਿਤ ਨੌਜਵਾਨਾਂ ਨੂੰ ਇਨਕਲਾਬੀ ਸਿੱਖ ਰਾਜਨੀਤੀ ਦੀ ਅਗਵਾਈ ਦੇ ਮੋਰਚੇ 'ਤੇ ਲਿਆਂਦੇ ਜਾਣ ਦਾ ਐਲਾਨ ਕਰਦੀ ਹੈ—ਜੋ ਸਾਂਝੇ ਉਪਰਾਲਿਆਂ ਨਾਲ ਉਭਰੇ ਤੇ ਜਿਸ ਦੀ ਰਹਿਨੁਮਾਈ ਉਹ ਕਰਨ ਜੋ ਹੁਣ ਤਕ ਸੰਘਰਸ਼ ਦੀ ਅਗਵਾਈ ਵਿੱਚ ਯੋਗਦਾਨ ਪਾ ਰਹੇ ਹਨ।

ਗੁਰੂ ਗ੍ਰੰਥ-ਗੁਰੂ ਪੰਥ ਦੀ ਸੇਵਾ ਵਿੱਚ,

ਹਰਪਾਲ ਸਿੰਘ ਚੀਮਾ	ਦਲਜੀਤ ਸਿੰਘ	ਸਿਮਰਨਜੀਤ ਸਿੰਘ ਮਾਨ	ਭੁਪਿੰਦਰ ਸਿੰਘ
(ਦਲ ਖਾਲਸਾ)	(ਪੰਚ ਪ੍ਰਧਾਨੀ ਜਥਾ)	(ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ)	(ਭਾਈ ਜਗਤਾਰ ਸਿੰਘ ਹਵਾਰਾ ਕਮੇਟੀ)